**ਜਮਾਤ: ਪੰਜਵੀਂ**

**ਵਿਸ਼ਾ: ਜੀ ਕਹੋ ਤੇ ਜੀ ਕਹਾਓ**

**ਦਿਨਾਂ ਦੀ ਗਿਣਤੀ : 7 ਦਿਨ**

**ਉਦੇਸ਼:** ਬੱਚਿਆਂ ਨੂੰ ਸਦਾ ਮਿੱਠਾ ਬੋਲਣ ਅਤੇ ਵੱਡਿਆਂ ਦਾ ਆਦਰ ਕਰਨ ਲਈ ਪ੍ਰੇਰਿਤ ਕਰਨਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਹਾਡੇ ਘਰ ਵਿੱਚ ਦਾਦਾ- ਦਾਦੀ ਅਤੇ ਛੋਟੇ ਬੱਚੇ ਹਨ ਉਹਨਾਂ ਨਾਲ ਤੁਸੀਂ ਕਿਵੇਂ ਗੱਲ ਕਰਦੇ ਹੋ।

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਕਵਿਤਾ ਵਿੱਚ ਸਾਨੂੰ ਮਿੱਠਾ ਬੋਲਣ ਅਤੇ ਵੱਡਿਆਂ ਦਾ ਸਤਿਕਾਰ ਕਰਨ ਦੀ ਮੱਹਹਤਾ ਬਾਰੇ ਦੱਸਿਆਂ ਗਿਆ ਹੈ। ਇਨ੍ਹਾਂ ਗੁਣਾਂ ਕਾਰਨ ਬੰਦਾ ਵੱਡੀਆਂ ਮੁਸੀਬਤਾ ਨੂੰ ਹੱਥ ਪਾ ਸਕਦਾ ਹੈ। ਜੀ ਕਹਿਣ ਨਾਲ ਔਖੇ ਤੇ ਔਖਾ ਕੰਮ ਸੌਖਾ ਹੋ ਜਾਂਦਾ ਹੈ ਅਤੇ ਉਹ ਇਨਸਾਨ ਸਾਰਿਆਂ ਤੇ ਪਿਆਰ ਤੇ ਸਤਿਕਾਰ ਪ੍ਰਾਪਤ ਕਰਦਾ ਹੈ।

**ਪੜਾਉਣ ਦਾ ਢੰਗ :** ਇਸ ਕਵਿਤਾਂ ਨੂੰ ਜਮਾਤ ਵਿੱਚ ਵਾਰ-2 ਦੁਹਾਰਾਇਆ ਜਾਏਗਾ। ਫਿਰ ਸਾਰੇ ਬੱਚਿਆਂ ਤੋਂ ਇਹ ਕਵਿਤਾ ਪੜ੍ਹਾਈ ਜਾਏਗੀ। ਇਸ ਨਾਲ ਉਹਨਾਂ ਨੂੰ ਕਵਿਤਾ ਯਾਦ ਹੋ ਜਾਏਗੀ।

**ਵਿਦਿਆਰਥੀਆਂ ਦੀ ਸਮੂਲੀਅਤ:** 1. ਕਦਰ ਸ਼ਬਦ ਦੀ ਕੀ ਅਰਥ ਹੁੰਦਾ ਹੈ?
2. ਇਹ ਕਵਿਤਾ ਕਿਸ ਨੇ ਲਿਖੀ ਹੈ।

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਤੋਂ ਕੁਝ ਸਵਾਲ ਪੁੱਛੇ ਜਾਣਗੇ ਜਿਵੇਂ 1. ਜੀ ਕਹਿਣਾ ਸਭ ਤੋਂ ਵੱਡੀ ਕੀ ਹੈ ?

2. ਮਿਠਾਸ ਕਿਸ ਦਾ ਸੂਚਕ ਹੈ?

**ਕਲਾਤਮਕ ਕ੍ਰਿਆਵਾਂ:** ਇਸ ਕਵਿਤਾ ਨਾਲ ਸੰਬੰਧਿਤ ਤਸਵੀਰ ਬਣਵਾ ਕੇ ਉਸ ਵਿਚ ਰੰਗ ਭਰੇ ਜਾਣਗੇ। ਸਮਾਰਟ ਬੋਰਡ ਤੇ ਇਹ ਕਵਿਤਾ ਦਿਖਾਈ ਜਾਏਗੀ।

**ਦੁਹਰਾਈ:** ਸਾਰੀ ਕਵਿਤਾ ਵਾਰੀ -ਵਾਰੀ ਸਾਰੇ ਬੱਚਿਆਂ ਤੋਂ ਸੁਣੀ ਜਾਏਗੀ ਅਤੇ ਪਿਛਲਾ ਅਭਿਆਸ ਕਰਾਇਆ ਜਾਏਗਾ।

**ਘਰ ਦਾ ਕੰਮ:** ਜਮਾਤ ਵਿਚ ਕਰਾਇਆ ਕੰਮ ਘਰ ਤੋਂ ਯਾਦ ਕਰਕੇ ਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਤਰ੍ਹਾਂ ਬੱਚਿਆਂ ਨੂੰ ਸਮਝ ਆ ਜਾਏਗੀ ਕਿ ਮਿੱਠਾ ਬੋਲਣ ਵਾਲੇ ਬੱਚੇ ਸਭ ਦੇ ਮਨ ਨੂੰ ਭਾਉਂਦੇ ਹਨ।

**ਜਮਾਤ: ਪੰਜਵੀਂ**

**ਵਿਸ਼ਾ: ਗਧਾ ਅਤੇ ਲੂੰਬੜੀ**

**ਦਿਨਾਂ ਦੀ ਗਿਣਤੀ : 5 ਦਿਨ**

**ਉਦੇਸ਼:** ਬੱਚਿਆਂ ਨੂੰ ਹਰ ਕੰਮ ਸੋਚ-ਸਮਝ ਕੇ ਕਰਨ ਲਈ ਪ੍ਰਰਿਤ ਕਰਨਾ। ਬਾਲ ਮਨੋਵਿਗਿਆਨ ਦੀ ਸੰਤੁਸ਼ਟੀ ਕਰਨਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਸੀਂ ਕਦੇ ਗਧਾ ਜਾ ਲੂੰਬੜੀ ਦੇਖੇ ਹਨ? ਤੁਹਾਨੂੰ ਉਹਨਾਂ ਦੇ ਸੁਭਾਅ ਬਾਰੇ ਕੁੱਝ ਪਤਾ ਹੈ? ਇਹਨਾਂ ਵਿਚੋਂ ਕਿਹੜਾ ਜਾਨਵਰ ਚਲਾਕ ਹੈ?

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਕਹਾਣੀ ਅਨੁਸਾਰ ਸਾਨੂੰ ਸਾਰੇ ਕੰਮ ਸੋਚ ਸਮਝ ਕੇ ਕਰਨੇ ਚਾਹੀਦੇ ਹਨ। ਇਸ ਵਿੱਚ ਧੋਬੀ ਦੇ ਗਧੇ ਦੀ ਮਿੱਤਰਤਾ ਲੂੰਬੜੀ ਨਾਲ ਹੋ ਜਾਂਦੀ ਹੈ ਉਹ ਦੋਵੇਂ ਤਰਬੂਜ ਦੇ ਖੇਤ ਵਿਚ ਵੜ ਕੇ ਸਾਰੇ ਫਸਲ ਖ਼ਰਾਬ ਕਰ ਦਿੰਦੇ ਹਨ ਤੇ ਫਿਰ ਗਧਾ ਗਾਣਾ ਗਾਉਣ ਲੱਗ ਜਾਦਾ ਹੈ ਜਿਸ ਨਾਲ ਖੇਤ ਦਾ ਮਾਲਕ ਉਸ ਨੂੰ ਬਹੁਤ ਮਾਰਦਾ ਹੈ ਅਤੇ ਗਧੇ ਨੂੰ ਆਪਣੀ ਮੂਰਖਤਾ ਦਾ ਅਹਿਸਾਸ ਹੋ ਜਾਂਦਾ ਹੈ।

**ਪੜ੍ਹਾਉਣ ਦਾ ਢੰਗ :** ਇਸ ਕਹਾਣੀ ਨੂੰ ਕਲਾਸ ਵਿੱਚ ਬੋਲ ਕੇ ਪੜ੍ਹਿਆ ਜਾਏਗਾ ਅਤੇ ਵਾਰੀ - ਵਾਰੀ ਸਾਰੇ ਬੱਚਿਆਂ ਤੋਂ ਪਾਠ ਦੀ ਦੁਹਰਾਈ ਕਰਾਈ ਜਾਏਗੀ।

**ਵਿਦਿਆਰਥੀਆਂ ਦੀ ਸਮੂਲੀਅਤ:** 1. ਗਧਾ ਕੀ ਕੰਮ ਕਰਦਾ ਹੈ?

2. ਬਰਬਾਦ ਦਾ ਕੀ ਅਰਥ ਹੈ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਨੂੰ ਉਹਨਾਂ ਦੇ ਜਵਾਬ ਦੇ ਕੇ ਫਿਰ ਉਹਨਾਂ ਤੋਂ ਪ੍ਰਸ਼ਨ ਪੁੱਛੇ ਜਾਣਗੇ ਜਿਵੇਂ - 1. ਗਧੇ ਦਾ ਕੀ ਨਾਂ ਸੀ ?

2. ਖੇਤ ਵਿਚ ਜਾ ਕੇ ਉਹ ਕੀ ਕਰਦਾ ਸੀ?

**ਕਲਾਤਮਕ ਕ੍ਰਿਆਵਾਂ:** ਇਸ ਪਾਠ ਨਾਲ ਸੰਬੰਧਤ ਖੇਤ ਦੀ ਤਸਵੀਰ ਬਣਵਾਂ ਕੇ ਜਾਨਵਰਾਂ ਤੋਂ ਬਚਾਉਣ ਲਈ ਵਾੜ ਮਾਚਿਸ ਦੀਆਂ ਤੀਲੀਆਂ ਨਾਲ ਲਗਵਾਈ ਜਾਏਗੀ।

**ਦੁਹਰਾਈ:** **ਬੱਚਿਆਂ ਤੋਂ ਪੜ੍ਹਵਾ ਕੇ ਇਸ ਦਾ ਕਿਤਾਬ ਪਿਛਲਾ ਅਭਿਆਸ ਕਰਵਾਇਆ ਜਾਏਗਾ।**

**ਘਰ ਦਾ ਕੰਮ:** ਜਮਾਤ ਦਾ ਕੰਮ ਘਰੋਂ ਦੁਹਰਾਉਣ ਲਈ ਅਤੇ ਪਾਠ ਦੇ ਪ੍ਰਸ਼ਨ -ਉੱਤਰ ਲਿਖਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਤਰ੍ਹਾਂ ਵਿਦਿਆਰਥੀ ਸਮਝ ਜਾਣਗੇ ਕਿ ਬਿਨਾਂ ਵਿਚਾਰੇ ਕੰਮ ਕਰਨ ਤੋਂ ਬਾਅਦ ਪਛਤਾਉਣਾ ਹੀ ਪੈਂਦਾ ਹੈ।

**ਜਮਾਤ: ਪੰਜਵੀਂ**

**ਵਿਸ਼ਾ: ਵਿਗਿਆਨਕ ਸੂਝ**

**ਦਿਨਾਂ ਦੀ ਗਿਣਤੀ : 5 ਦਿਨ**

**ਉਦੇਸ਼:** ਬੱਚਿਆਂ ਨੂੰ ਵਿਗਿਆਨਕ ਦੇ ਮੱਹਤਵ ਤੋਂ ਜਾਣੂ ਕਰਵਾਉਣਾ, ਬੱਚਿਆਂ ਨੂੰ ਨਵੀਂ ਸੋਚ ਧਾਰਨ ਕਰਨ ਅਤੇ ਵਿਗਿਆਨਕ ਸੂਝ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਹਾਨੂੰ ਪਤਾ ਟੈਲੀਵਿਜ਼ਨ, ਟੈਲੀਫੋਨ ਕਿਸ ਨੇ ਬਣਾਏ। ਵਿਗਿਆਨਕ ਕਾਢ ਕਿਸ ਨੂੰ ਕਹਿੰਦੇ ਹਨ?

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਪਾਠ ਵਿੱਚ ਵਿਗਿਆਨਕ ਦੀ ਮਹੱਤਤਾ ਦੱਸਦੇ ਹੋਏ ਹਰ ਇੱਕ ਨੂੰ ਨਵੀਂ ਵਿਗਿਆਨਕ ਸੂਝ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇਹ ਵੀ ਦਸਣ ਦੀ ਕੋਸ਼ਿਸ ਕੀਤੀ ਗਈ ਹੈ। ਕਿ ਜੇਕਰ ਵਿਦਿਆਨਕ ਕਾਢਾਂ ਵਰਦਾਨ ਹਨ ਪਰ ਇਹਨਾਂ ਦੀ ਦੁਰਵਰਤੋਂ ਸਾਡੇ ਲਈ ਨੁਕਸਾਨਦਾਇਕ ਹੋ ਸਕਦੀ ਹੈ।

**ਪੜਾਉਣ ਦਾ ਢੰਗ :** ਕਲਾਸ ਵਿਚ ਇਹ ਪਾਠ ਪੜ੍ਹਿਆ ਜਾਏਗਾ ਅਤੇ ਫਿਰ ਵਾਰੀ-ਵਾਰੀ ਬੱਚਿਆਂ ਤੋਂ ਪਾਠ ਪੜ੍ਹਾਇਆ ਜਾਏਗਾ।

**ਵਿਦਿਆਰਥੀਆਂ ਦੀ ਸਮੂਲੀਅਤ:**
1. ਵੀਹਵੀ ਸਦੀ ਕਿਸ ਨੂੰ ਕਹਿੰਦੇ ਹਨ?
2. ਵਿਗਿਆਨਕ ਕਾਢ ਕਿਸ ਨੂੰ ਕਹਿੰਦੇ ਹਨ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਨੂੰ ਉਹਨਾਂ ਦੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਜਾਣਗੇ ਅਤੇ ਫਿਰ ਉਹਨਾਂ ਤੋਂ ਪ੍ਰਸ਼ਨ ਪੁੱਛੇ ਜਾਣਗੇ ਜਿਵੇਂ-

1) ਵਿਗਿਆਨ ਕਿਸ ਸਦੀ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ?
2) ਕਾਂ ਨੂੰ ਕਿਸ ਦੀ ਭਾਲ ਸੀ?

**ਕਲਾਤਮਕ ਕ੍ਰਿਆਵਾਂ:** ਇਸ ਪਾਠ ਦੇ ਅਨੁਸਾਰ ਬਣਦੀਆਂ ਤਸਵੀਰਾਂ ਬਣਵਾ ਕੇ ਉਨ੍ਹਾਂ ਵਿੱਚ ਰੰਗ ਬਰਵਾਏ ਜਾਮਗੇ। ਬੱਚਿਆਂ ਤੋਂ ਇਸ ਪਾਠ ਦ ਪ੍ਰੋਜੈਕਟ ਬਣਵਾਇਆ ਜਾਏਗਾ। ਜੋ ਕਿ ਉਹਨਾਂ ਨੂੰ ਛੁੱਟੀਆਂ ਦੇ ਕੰਮ ਵਿੱਚ ਦਿੱਤਾ ਜਾਏਗਾ।

**ਦੁਹਰਾਈ:** ਬੱਚਿਆਂ ਤੋਂ ਘਰ ਤੋਂ ਇਸ ਪਾਠ ਦਾ ਪ੍ਰੋਜੈਕਟ ਬਣਾ ਕੇ ਲਿਆਉਣ ਲਈ ਕਿਹਾ ਜਾਏਗਾ। ਬੱਚਿਆਂ ਤੋਂ ਪੜ੍ਹਵਾ ਕੇ ਇਸ ਦਾ ਕਿਤਾਬ ਪਿਛਲਾ ਅਭਿਆਸ ਕਰਵਾਇਆ ਜਾਏਗਾ।

**ਘਰ ਦਾ ਕੰਮ:** ਬੱਚਿਆਂ ਨੂੰ ਘਰ ਤੋਂ ਇਸ ਪਾਠ ਦਾ ਪ੍ਰੋਜੈਕਟ ਬਣਾ ਕੇ ਲਿਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਬੱਚੇ ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝ ਜਾਣਗੇ ਕਿ ਵਿਗਿਆਨ ਤੋਂ ਸਿਰਫ ਮਨੁੱਖ ਨੇ ਹੀ ਨਹੀਂ ਪਸ਼ੂ ਪੰਛੀਆਂ ਨੇ ਵੀ ਲਾਭ ਉਠਾਏ ਹਨ।

**ਜਮਾਤ: ਪੰਜਵੀਂ**

**ਵਿਸ਼ਾ: ਕਵਿਤਾ ਠੰਢੀ-ਠਾਰ ਕੁਲਫ਼ੀ**

**ਦਿਨਾਂ ਦੀ ਗਿਣਤੀ : 5 ਦਿਨ**

**<u>ਉਦੇਸ਼:</u>** ਕੁਲਫ਼ੀ ਵਾਲੇ ਦੇ ਗਲੀ ਵਿਚ ਆਉਣ ਦੇ ਦ੍ਰਿਸ਼ ਨੂੰ ਬੱਚਿਆਂ ਨਾਲ ਸਾਂਝਾ ਕਰਨਾ ਅਤੇ ਉਹਨਾਂ ਦਾ ਮਨੋਰਜਨ ਕਰਨਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਗਰਮੀ ਦੇ ਮੌਸਮ ਵਿਚ ਅਸੀਂ ਕਿਹੋ ਜਹੀਆਂ ਚੀਜ਼ਾਂ ਖਾਥੇ ਹਾਂ। ਕੀ ਤੁਹਾਨੂੰ ਕੁਲਫ਼ੀ ਖਾਣੀ ਪਸੰਦ ਹੈ?

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਕਵਿਤਾ ਵਿੱਚ ਗਲੀ ਦੇ ਦ੍ਰਿਸ਼ ਨੂੰ ਦਿਖਾਇਆ ਗਿਆ ਹੈ। ਇਸ ਦੇ ਰਾਹੀ ਬੱਚਿਆਂ ਨੂੰ ਵੱਖ-2 ਰੁੱਤੇਂ ਬਾਰੇ ਦੱਸਣ ਦਾ ਯਤਨ ਕੀਤਾ ਗਿਆ ਹੈ ਅਤੇ ਦੱਸਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਵੇਂ ਮੌਸਮ ਬਦਲਣ ਦੇ ਨਾਲ ਸਾਡਾ ਖਾਣਾ-ਪੀਣਾ ਵੀ ਬਦਲ ਜਾਂਦਾ ਹੈ। ਜਿਵੇਂ ਗਰਮੀਆਂ ਵਿੱਚ ਅਸੀਂ ਠੰਢੀਆਂ ਚੀਜ਼ਾ ਖਾਦੇ ਹਾਂ ਤੇ ਸਰਦੀਆਂ ਵਿੱਚ ਗਰਮ।

**ਪੜਾਉਣ ਦਾ ਢੰਗ :** ਇਸ ਕਵਿਤਾ ਨੂੰ ਜਮਾਤ ਵਿੱਚ ਪੜ੍ਹਿਆ ਜਾਏਗਾ ਤੇ ਵਾਰ-2 ਇਹ ਕਵਿਤਾ ਦੁਹਰਾਈ ਜਾਏਗੀ ਫਿਰ ਇਹ ਕਵਿਤਾ ਵਾਰ-2 ਇਹ ਕਵਿਤਾ ਦੁਹਰਾਈ ਜਾਏਗੀ। ਫਿਰ ਇਹ ਕਵਿਤਾ ਵਾਰ-2 ਸਾਰੇ ਬੱਚਿਆਂ ਤੋਂ ਬੁਲਵਾਈ ਜਾਏਗੀ।

**ਵਿਦਿਆਰਥੀਆਂ ਦੀ ਸਮੂਲੀਅਤ:**
1. ਹੋਕਾ ਕੀ ਹੁੰਦਾ ਹੈ?
2. ਬੂਹੇ ਦਾ ਕੀ ਅਰਥ ਹੈ?
3. ਭਲੂਰੀਆ ਕੌਣ ਹੈ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਤੋਂ ਸਵਾਲ ਪੁੱਛੇ ਜਾਣਗੇ ਜਿਵੇਂ - 1) ਗਲੀ ਵਿੱਚ ਕੌਣ ਆਇਆ?
2) ਕੁਲਫ਼ੀ ਵਾਲੇ ਭਾਈ ਦਾ ਕੀ ਨਾਂ ਹੈ।

**ਕਲਾਤਮਕ ਕ੍ਰਿਆਵਾਂ:** ਇਸ ਵਿੱਚ ਬੱਚਿਆਂ ਤੋਂ ਕੁਲਫ਼ੀਆਂ ਅਤੇ ਆਈਸਕਰੀਮਾਂ ਦੇ ਚਿੱਤਰ ਬਣਵਾ ਕੇ ਰੰਗ ਭਰਵਾਏ ਜਾਣਗੇ।

**ਦੁਹਰਾਈ:** ਇਸ ਕਵਿਤਾ ਬਾਰ-ਬਾਰ ਜਮਾਤ ਵਿੱਚ ਪੜ੍ਹਾਈ ਜਾਏਗੀ। ਬੱਚਿਆਂ ਤੋਂ ਇਸ ਦਾ Recitation ਟੈਸਟ ਲਿਆ ਜਾਏਗਾ। ਜਿਸ ਦੇ ਹਰ ਬੱਚੇ ਨੂੰ ਬਮਦੇ ਅੰਕ ਦਿੱਤੇ ਜਾਣਗੇ।

**ਘਰ ਦਾ ਕੰਮ:** ਇਸ ਕਵਿਤਾ ਨੂੰ ਘਰ ਯਾਦ ਕਰਕੇ ਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਬੱਚਿਆਂ ਨੂੰ ਇਹ ਕਵਿਤਾ ਚੰਗੀ ਤਰ੍ਹਾਂ ਯਾਦ ਹੋ ਜਾਏਗੀ ਕਿਉਂਕਿ ਗਰਮੀਆਂ ਵਿੱਚ ਠੰਢੀਆਂ ਮਿੱਠੀਆਂ ਕੁਲਫ਼ੀਆਂ ਸਭ ਨੂੰ ਪੰਸਦ ਆਉਂਦੀਆਂ ਹਨ।

**ਜਮਾਤ: ਪੰਜਵੀਂ**

**ਵਿਸ਼ਾ: ਬੋਲੀ ਜਾ ਭਾਸ਼ਾ (ਵਿਆਕਰਨ)**

**ਦਿਨਾਂ ਦੀ ਗਿਣਤੀ : 2 ਦਿਨ**

**<u>ਉਦੇਸ਼:</u>** ਬੱਚਿਆਂ ਨੂੰ ਵਿਆਕਰਨਿਕ ਨਿਯਮਾਂ ਤੋਂ ਜਾਣੂ ਕਰਾਉਣਾ ਅਤੇ ਆਪਣੀ ਭਾਸ਼ਾ ਦਾ ਸਹੀ ਉਚਾਰਣ ਸਿਖਾਉਣਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਸੀਂ ਕਿਹੜੇ ਪ੍ਰਾਂਤ ਵਿੱਚ ਰਹਿੰਦੇ ਹਨ। ਪੰਜਾਬੀ ਕਿਨੇ ਤਰ੍ਹਾਂ ਦੀ ਹੁੰਦੀ ਹੈ?

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਪਾਠ ਦਾ ਉਦੇਸ਼ ਬੱਚਿਆਂ ਨੂੰ ਵਿਆਕਰਨਿਕ ਨਿਯਮਾਂ ਤੋਂ ਜਾਣੂ ਕਰਾਉਣਾ ਹੈ। ਇਸ ਦੱਸਿਆ ਗਿਆ ਹੈ ਕਿ ਜਿਸ ਸਾਧਨ ਰਾਹੀਂ ਅਸੀਂ ਆਪਣੇ ਮਨ ਦੇ ਵਿਚਾਰਾਂ ਭਾਵਾਂ ਨੂੰ ਦੂਜਿਆਂ ਅੱਗੇ ਪ੍ਰਗਟ ਕਰਦੇ ਹਾਂ, ਉਸ ਨੂੰ ਬੋਲੀ ਜਾ ਭਾਸ਼ਾ ਕਿਹਾ ਜਾਂਦਾ ਹੈ। ਪੰਜਾਬ ਦੀ ਬੋਲੀ ਦੋ ਕਿਸਮਾਂ ਦੀ ਹੈ ਮੌਖਿਕ ਅਤੇ ਲਿਖਤੀ। ਪੰਜਾਬ ਦੀ ਰਾਜ ਭਾਸ਼ਾ ਪੰਜਾਬੀ ਹੈ।

**ਪੜਾਉਣ ਦਾ ਢੰਗ :** ਇਸ ਪਾਠ ਨੂੰ ਜਮਾਤ ਵਿਚ ਪੜ੍ਹਾਇਆ ਜਾਏਗਾ ਅਤੇ ਤਸਵੀਰਾਂ ਦਿਖਾ ਕੇ ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝਾਇਆ ਜਾਏਗਾ।

**ਵਿਦਿਆਰਥੀਆਂ ਦੀ ਸਮੂਲੀਅਤ:**

1. ਭਾਸ਼ਾ ਕੀ ਹੁੰਦੀ ਹੈ?
2. ਜਾਨਵਰ ਕਿਵੇਂ ਬੋਲਦੇ ਹਨ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਤੋਂ ਪ੍ਰਸ਼ਨ ਪੁੱਛੇ ਜਾਣਗੇ

1) ਪੰਜਾਬ ਦੀ ਰਾਜ ਭਾਸ਼ਾ ਕਿਹੜੀ ਹੈ?

2) ਕਿਤਾਬਾਂ ਵਿੱਚ ਭਾਸ਼ਾ ਦੀ ਕਿਹੜੀ ਕਿਸਮ ਦੇਖਣ ਨੂੰ ਮਿਲਦੀ ਹੈ?

**ਕਲਾਤਮਕ ਕ੍ਰਿਆਵਾਂ:** ਇਸ ਪਾਠ ਦੇ ਅਧਾਰ ਤੇ ਤਸਵੀਰਾਂ ਕਾਪੀ ਵਿੱਚ ਪੇਸਟ ਕਰਵਾਈਆਂ ਜਾਣਗੀਆਂ।

**ਦੁਹਰਾਈ:** ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝਾ ਕੇ ਇਸ ਪਾਠ ਵਿਚੋਂ ਟੈਸਟ ਲਏ ਜਾਣਗੇ।

**ਘਰ ਦਾ ਕੰਮ:** ਜਮਾਤ ਵਿੱਚ ਕਰਾਇਆ ਕੰਮ ਘਰ ਤੋਂ ਯਾਦ ਕਰਕੇ ਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਪ੍ਰਕਾਰ ਬੱਚੇ ਵਿਆਕਰਨਿਕ ਨਿਯਮਾਂ ਤੋਂ ਚੰਗੀ ਤਰ੍ਹਾਂ ਜਾਣੂ ਹੋ ਜਾਣਗੇ।

**ਜਮਾਤ: ਪੰਜਵੀਂ**

**ਵਿਸ਼ਾ: ਕੁਦਰਤ**

**ਦਿਨਾਂ ਦੀ ਗਿਣਤੀ : 5 ਦਿਨ**

**ਉਦੇਸ਼:** ਬੱਚਿਆਂ ਨੂੰ ਕੁਦਰਤ ਦੇ ਸਰੂਪ ਤੋਂ ਜਾਣੂ ਕਰਾਉਣਾ ਅਤੇ ਕੁਦਰਤ ਦੇ ਮੱਹਤਵ ਬਾਰੇ ਦੱਸਣਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਹਾਨੂੰ ਪਤਾ ਹੈ ਕਿ ਸੂਰਜ ਕਿੱਥੋ ਆਉਂਦਾ ਹੈ? ਹਵਾ ਕਿਵੇਂ ਚਲਦੀ ਹੈ? ਇਸ ਸਭ ਨੂੰ ਕੁਦਰਤ ਕਿਹਾ ਜਾਂਦਾ ਹੈ।

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਹ ਪਾਠ ਛੋਟੀ ਜਹੀ ਕਹਾਣੀ ਹੈ ਜਿਸ ਵਿੱਚ ਇੱਕ ਆਦਮੀ ਸਫਰ ਦੀ ਥਕਾਵਟ ਤੋਂ ਬਾਅਦ ਕੁਦਰਤ ਦਾ ਨਜ਼ਾਰਾ ਲੈਦਾ-ਲੈਦਾ ਸੋ ਜਾਂਦਾ ਹੈ ਅਤੇ ਆਪਣੇ ਮਨ ਦੇ ਸਵਾਲਾਂ ਨੂੰ ਜਲਦੀ ਹੀ ਸਮਝ ਜਾਂਦਾ ਹੈ। ਇਸ ਪਾਠ ਰਾਹੀਂ ਦੱਸਿਆ ਗਿਆ ਹੈ ਕਿ ਪਰਮਾਤਮਾਂ ਨੇ ਇਸ ਸ੍ਰਿਸ਼ਟੀ ਦੀ ਰਚਨਾ ਬਹੁਤ ਸੋਚ ਸਮਝ ਕੇ ਕੀਤੀ ਹੈ। ਇਥੇ ਹਰ ਵਸਤੂ ਦੀ ਆਪਣੀ ਪਹਿਚਾਣ ਹੈ। ਅਤੇ ਸਾਨੂੰ ਇਸ ਕੁਦਰਤ ਦੇ ਮੱਹਤਵ ਨੂੰ ਸਮਝਣਾ ਚਾਹੀਦਾ ਹੈ। ਇਸ ਨਾਲ ਪਿਆਰ ਕਰਨਾ ਚਾਹੀਦਾ ਹੈ।

**ਪੜਾਉਣ ਦਾ ਢੰਗ :** ਜਮਾਤ ਵਿੱਚ ਇਹ ਪਾਠ ਪੜ੍ਹ ਕੇ ਵਾਰੀ -ਵਾਰੀ ਬੱਚਿਆਂ ਤੋਂ ਪੜ੍ਹਾਇਆ ਜਾਏਗਾ। ਤਾਂ ਜੋ ਉਹ ਸਬਦਾਂ ਦਾ ਸਹੀ ਉਚਾਰਨ ਕਰ ਸਕਣ।

**ਵਿਦਿਆਰਥੀਆਂ ਦੀ ਸਮੂਲੀਅਤ:** 1. ਬੋਹੜ ਕੀ ਹੁੰਦਾ ਹੈ?
2. ਪੈਂਡਾ ਕਿਸ ਨੂੰ ਕਹਿੰਦੇ ਹਨ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਬੱਚਿਆਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਤੋਂ ਸਵਾਲ ਪੁੱਛੇ ਜਾਣਗੇ ਜਿਵੇਂ

1) ਆਦਮੀ ਨੇ ਕਿਥੋਂ ਪਾਣੀ ਪੀਤਾ?
2) ਖੂਹ ਕੋਲ ਕਿਹੜਾ ਦਰਖ਼ਤ ਸੀ?

**ਕਲਾਤਮਕ ਕ੍ਰਿਆਵਾਂ:** ਇਸ ਵਿੱਚ ਬੱਚਿਆਂ ਨੂੰ ਸਾਡੇ ਦੇਸ਼ ਦੇ ਰਾਸ਼ਟਰੀ ਦਰਖ਼ਤ, ਫਲ ਅਤੇ ਫੁੱਲ ਬਾਰੇ ਦਸ ਕੇ ਉਹਨਾਂ ਦੀਆਂ ਤਸਵੀਰਾਂ ਬਣਾ ਕੇ ਰੰਗ ਭਰਨ ਲਈ ਕਿਹਾ ਜਾਏਗਾ।

**ਦੁਹਰਾਈ:** ਜਮਾਤ ਵਿੱਚ ਚੰਗੀ ਤਰ੍ਹਾਂ ਪਾਠ ਨੂੰ ਸਮਝਾ ਕੇ ਇਸ ਪਾਠ ਦੇ ਪਿਛਲਾ ਅਭਿਆਸ ਕਰਵਾਇਆ ਜਾਏਗਾ ਤੇ ਟੈਸਟ ਲਿਆ ਜਾਏਗਾ।

**ਘਰ ਦਾ ਕੰਮ:** ਜਮਾਤ ਵਿੱਚ ਕੀਤਾ ਸਾਰਾ ਕੰਮ ਘਰ ਤੋਂ ਦੁਹਰਾਅ ਕੇ ਲਿਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਪ੍ਰਕਾਰ ਬੱਚੇ ਇਸ ਪਾਠ ਨੂੰ ਯਾਦ ਕਰ ਲੈਣਗੇ ਅਤੇ ਸਮਝ ਜਾਣਗੇ ਕਿ ਕੁਦਰਤ ਬੜੀ ਬੇਅੰਤ ਹੈ।

**ਜਮਾਤ: ਪੰਜਵੀਂ**

**ਵਿਸ਼ਾ: ਅੱਖਰ ਅਤੇ ਵਰਨਮਾਲਾ**

**ਦਿਨਾਂ ਦੀ ਗਿਣਤੀ : 2 ਦਿਨ**

**ਉਦੇਸ਼:** ਬੱਚਿਆਂ ਨੂੰ ਵਿਆਕਰਨਿਕ ਨਿਯਮਾਂ ਦੀ ਜਾਣਕਾਰੀ ਦੇਣਾ ਤਾਂ ਜੋ ਉਹ ਭਾਸ਼ਾ ਨੂੰ ਸਮਝ ਸਕਣ ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਹਾਨੂੰ ਪਤਾ ਹੈ ਕਿ ਪੰਜਾਬੀ ਭਾਸ਼ਾ ਦੀ ਲਿਖੀ ਕਿਹੜੀ ਹੈ। ਵਰਨਮਾਲਾ ਦੇ ਕਿੰਨੇ ਅੱਖਰ ਹਨ।

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਵਿਆਕਰਨ ਦੇ ਪਾਠ ਵਿੱਚ ਕਿਹਾ ਜਾਂਦਾ ਹੈ ਕਿ ਕਿਸੇ ਵੀ ਭਾਸਾ ਨੂੰ ਲਿਖਤੀ ਰੂਪ ਦੇਣ ਲਈ ਵਰਤੇ ਜਾਂਦੇ ਚਿੰਨ੍ਹਾਂ ਨੂੰ ਅੱਖਰ ਜਾਂ ਵਰਨ ਕਹਿੰਦੇ ਹਨ। ਕਿਸੇ ਭਾਸ਼ਾ ਨੂੰ ਸਮਝਣ ਲਈ ਅੱਖਰਾਂ ਦਾ ਗਿਆਨ ਹੋਣਾ ਜ਼ਰੂਰੀ ਹੈ। ਅੱਖਰ ਦੋ ਪ੍ਰਕਾਰ ਦੇ ਹੁੰਦੇ ਹਨ ਸਵਰ, ਵਿਅੰਜਨ। ਵਰਨਾਂ ਨੂੰ ਜਦੋਂ ਨਿਸ਼ਚਿਤ ਤਰਤੀਬ ਵਿੱਚ ਰੱਖਿਆ ਜਾਂਦਾ ਹੈ ਇਸ ਨੂੰ ਹੀ ਵਰਨਮਾਲ ਆਖਦੇ ਹਨ।

**ਪੜਾਉਣ ਦਾ ਢੰਗ :** ਇਸ ਪਾਠ ਨੂੰ ਕਲਾਸ ਵਿੱਚ ਚੰਗੀ ਤਰ੍ਹਾਂ ਸਮਝਾਇਆ ਜਾਏਗਾ ਅਤੇ ਬੱਚਿਆਂ ਤੋਂ ਵਾਰੀ-ਵਾਰੀ ਦੁਹਰਾਈ ਕਰਾਈ ਜਾਏਗੀ। ਤਾਂ ਜੋ ਉਹ ਸਮਝ ਜਾਣ।

**ਵਿਦਿਆਰਥੀਆਂ ਦੀ ਸਮੂਲੀਅਤ:**
1. ਵਰਨ ਕਿਸ ਨੂੰ ਕਹਿੰਦੇ ਹਨ।
2. ਵਰਨਮਾਲਾ ਤੋਂ ਕੀ ਭਾਵ ਹੈ।

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਕ੍ ਉਹਨਾਂ ਤੋਂ ਸਵਾਲ ਪੁੱਛੇ ਜਾਣਗੇ ਜਿਵੇਂ- ਅੱਖਰ ਨੂੰ ਹੋ ਕੀ ਆਖਿਆ ਜਾਂਦਾ ਹੈ?

2) ਪੰਜਾਬੀ ਵਰਨਮਾਲ ਵਿੱਚ ਕਿੰਨੇ ਅੱਖਰ ਹਨ?

**ਕਲਾਤਮਕ ਕ੍ਰਿਆਵਾਂ:** ਵਰਨਮਾਲਾਂ ਦੇ ਅੱਖਰਾਂ ਦੇ ਮੁਤਾਬਿਕ ਤਸਵੀਰਾਂ ਬਣਵਾਂ ਕੇ ਉਹਨਾਂ ਵਿੱਚ ਰੰਗ ਭਰਵਾਏ ਜਾਣਗੇ।

**ਦੁਹਰਾਈ:** ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝਾ ਕੇ ਇਸ ਪਾਠ ਵਿਚੋਂ ਟੈਸਟ ਲਿਆ ਜਾਏਗਾ।

**ਘਰ ਦਾ ਕੰਮ:** ਜਮਾਤ ਵਿੱਚ ਕੀਤਾ ਸਾਰਾ ਕੰਮ ਘਰ ਤੋਂ ਦੁਹਰਾਅ ਕੇ ਲਿਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਪ੍ਰਕਾਰ ਬੱਚੇ ਵਿਆਕਰਨ ਦੇ ਸਾਰੇ ਭੇਦ ਸਮਝ ਕੇ ਸਾਰੇ ਵਰਨਾਂ ਦਾ ਸਹੀ ਉਚਾਰਨ ਸਿਖ ਜਾਣਗੇ।

**ਜਮਾਤ: ਪੰਜਵੀਂ**

**ਵਿਸ਼ਾ: ਅਲੈਗੱਜੈਂਡਰ ਗ੍ਰਾਹਮ ਬੈੱਲ**

**ਦਿਨਾਂ ਦੀ ਗਿਣਤੀ : 6 ਦਿਨ**

**<u>ਉਦੇਸ਼:</u>** ਬੱਚਿਆਂ ਨੂੰ ਅਲੈਂਗਜੈਂਡਰ ਗ੍ਰਾਹਮ ਬੈੱਲ ਦੇ ਜੀਵਨ ਬਾਰੇ ਜਾਣਕਾਰੀ ਦੇਣਾ। ਬੱਚਿਆ ਨੂੰ ਹਰ ਕੰਮ ਮਿਹਨਤ ਅਤੇ ਲਗਨ ਨਾਲ ਕਰਨ ਲਈ ਪ੍ਰੇਰਨਾ ਦੇਣਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਹਾਨੂੰ ਪਤਾ ਹੈ ਕਿ ਅਸੀਂ ਘਰ ਬੈਠੇ-ਬੈਠੇ ਕਿਵੇਂ ਕਿਸੇ ਨਾਲ ਕਿਤੇ ਵੀ ਗੱਲ ਕਰ ਸਕਦੇ ਹਾਂ। ਉਹ ਟੈਲੀਫੋਨ ਹੁੰਦਾ ਹੈ। ਬੱਚਿਓ ਤੁਹਾਨੂੰ ਪਤਾ ਹੈ ਕਿ ਟੈਲੀਫੋਨ ਦੀ ਖੋਜ ਕਿਸ ਨੂੰ ਕੀਤੀ।

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਪਾਠ ਵਿੱਚ ਮਹਾਨ ਖੋਜਕਾਰ 'ਅਲੈਗੱਜੈਂਡਰ ਗ੍ਰਾਹਮ ਬੈਂਲ ' ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਾਠ ਵਿੱਚ ਉਹਨਾਂ ਦੇ ਸਾਰੇ ਜੀਵਨ ਵਿੱਚ ਕੀਤੀ ਮਿਹਨਤ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਪਾਠ ਰਾਹੀ ਹਰ ਖੇਤਰ ਵਿਚ ਨਾਮ ਖੱਟਣ ਵਾਲੇ ਵਿਅਕਤੀ ਆਪਣੀ ਮਿਹਨਤ ਅਤੇ ਲਗਨ ਦੇ ਆਸਰੇ ਹੀ ਇਸ ਮੁਕਾਮ ਉੱਪਰ ਪਹੁੰਚਦੇ ਹਨ ਦੱਸਣ ਦਾ ਯਤਨ ਕੀਤਾ ਗਿਆ ਹੈ। ਇਸ ਪਾਠ ਵਿੱਚ ਵਿਦਿਆਰਥੀਂ ਨੂੰ ਸੱਚੀ ਮਿਹਨਤ ਅਤੇ ਲਗਨ ਨਾਲ ਅੱਗੇ ਵੱਧਣ ਲਈ ਮਿਹਨਤ ਕਰਨ ਲਈ ਉਤਸ਼ਾਹਿਤ ਕੀਤਾ ਗਿਆ ਹੈ।

**ਪੜਾਉਣ ਦਾ ਢੰਗ :** ਇਸ ਪਾਠ ਨੂੰ ਕਲਾਸ ਵਿੱਚ ਚੰਗੀ ਤਰ੍ਹਾਂ ਸਮਝਾਇਆ ਜਾਏਗਾ ਅਤੇ ਬੱਚਿਆਂ ਤੋਂ ਵਾਰੀ-ਵਾਰੀ ਦੁਹਰਾਈ ਕਰਾਈ ਜਾਏਗੀ। ਤਾਂ ਜੋ ਉਹ ਸਮਝ ਜਾਣ।

**ਵਿਦਿਆਰਥੀਆਂ ਦੀ ਸਮੂਲੀਅਤ:** 1. ਸਧਾਰਨ ਲੋਕ ਕਿੰਨ੍ਹਾਂ ਨੂੰ ਕਹਿੰਦੇ ਹਨ?
2. ਤਪਦਿਕ ਕੀ ਹੈ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦੇ ਕੇ ਉਹਨਾਂ ਤੋ ਪ੍ਰਸ਼ਨ ਪੁੱਛੇ ਜਾਣਗੇ ਜਿਵੇਂ- 1) ਟੈਲੀਫੋਨ ਦੀ ਖੋਜ ਕਿਸ ਨੇ ਕੀਤੀ?
2) ਕੋਸ਼ਿਸ਼ ਦਾ ਕੀ ਅਰਥ ਹੁੰਦਾ ਹੈ?

**ਕਲਾਤਮਕ ਕ੍ਰਿਆਵਾਂ:** ਇਸ ਪਾਟ ਦੇ ਅਨੁਸਾਰ ਟੈਲੀਫੋਨ ਦਾ ਚਿੱਤਰ ਬਣਵਾ ਕੇ ਰੰਗ ਭਰੇ ਜਾਣਗੇ। ਬੱਚਿਆਂ ਤੋਂ ਪੁੱਛਿਆ ਜਾਵੇਗਾ ਕਿ ਉਹ ਆਪਣੇ ਦੋਸਤਾਂ ਨਾਲ ਫੋਨ ਤੇ ਕੀ ਗੱਲਾਂ ਕਰਦੇ ਹਨ।

**ਦੁਹਰਾਈ:** ਇਸ ਪਾਠ ਨੂੰ ਚੰਗੀ ਤਰ੍ਹਾਂ ਸਮਝਾ ਕੇ ਇਸ ਪਾਠ ਵਿਚੋਂ ਟੈਸਟ ਲਿਆ ਜਾਏਗਾ।

**ਘਰ ਦਾ ਕੰਮ:** ਜਮਾਤ ਵਿੱਚ ਕੀਤਾ ਸਾਰਾ ਕੰਮ ਘਰ ਤੋਂ ਦੁਹਰਾਅ ਕੇ ਲਿਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਤਰ੍ਹਾਂ ਵਿਦਿਆਰਥੀਆਂ ਨੂੰ ਸਮਝ ਆ ਜਾਏਗੀ ਕਿ ਮਿਹਨਤ ਅਤੇ ਲਗਨ ਨਾਲ ਕਾਮਯਾਬੀ ਹਾਸਲ ਹੁੰਦੀ ਹੈ।

**ਜਮਾਤ: ਪੰਜਵੀਂ**

**ਵਿਸ਼ਾ: ਲੁਕਣ-ਮੀਚੀ**

**ਦਿਨਾਂ ਦੀ ਗਿਣਤੀ : 5 ਦਿਨ**

**ਉਦੇਸ਼:** ਬੱਚਿਆਂ ਨੂੰ ਪੰਜਾਬ ਦੀਆਂ ਦੇਸੀ ਖੇਡਾਂ ਬਾਰੇ ਜਾਣਕਾਰੀ ਦੇਣਾ। ਲੁਕਣ-ਮੀਚੀ ਦੀ ਖੇਡ ਵਿਧੀ ਬਾਰੇ ਦੱਸਣਾ।

**ਪੂਰਵ ਗਿਆਨ ਦੀ ਪਰਖ:** ਬੱਚਿਓ ਤੁਹਾਨੂੰ ਪਤਾ ਹੈ ਕਿ ਪੰਜਾਬ ਦੀਆਂ ਦੇਸੀ ਖੇਡਾਂ ਬਾਰੇ ਪਤਾ ਹੈ। ਕਿ ਤੁਹਾਨੂੰ ਪਤਾ ਹੈ ਕਿ ਲੁਕਣ-ਮੀਚੀ ਕਿਵੇਂ ਖੇਡੀ ਜਾਂਦੀ ਹੈ।

**ਤਕਨੀਕੀ ਯੰਤਰ:** Zoom, ਤਸਵੀਰਾ, ਵੀਡੀਓ, ਸਮਾਰਟ ਬੋਰਡ

**ਸਹਾਇਕ ਸੱਮਗਰੀ:** ਪੁਸਤਕ, ਚਾਕ, ਝਾੜਨਾ, ਬੱਲੈਕ- ਬੋਰਡ , link

**ਵਿਸ਼ਾ ਸੱਮਗਰੀ:** ਇਸ ਪਾਠ ਵਿੱਚ ਪੰਜਾਬ ਦੀ ਪੁਰਾਤਨ ਖੇਡ ਲੁਕਣ-ਮੀਚੀ ਦੀ ਖੇਡ ਵਿਧੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਪਾਠ ਰਾਹੀ ਪੰਜਾਬ ਦੀਆਂ ਪੁਰਾਤਨ ਖੇਡਾਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪਾਠ ਰਾਹੀ ਸਰੀਰਕ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਨਾਲ ਹੀ ਖੇਡਾਂ ਖੇਡਦੇ ਸਮੇਂ ਨਿਯਮਾਂ ਦਾ ਸਹੀ ਪਾਲਣ ਕਰਨ ਦੀ ਸਿੱਖਿਆਂ ਪ੍ਰਦਾਨ ਕਰਨਾਂ ਇਸ ਪਾਠ ਦਾ ਉਦੇਸ਼ ਹੈ।

**ਪੜਾਉਣ ਦਾ ਢੰਗ :** ਇਸ ਪਾਠ ਨੂੰ ਕਲਾਸ ਵਿੱਚ ਚੰਗੀ ਤਰ੍ਹਾਂ ਸਮਝਾਇਆ ਜਾਏਗਾ ਅਤੇ ਬੱਚਿਆਂ ਤੋਂ ਵਾਰੀ-ਵਾਰੀ ਦੁਹਰਾਈ ਕਰਾਈ ਜਾਏਗੀ। ਤਾਂ ਜੋ ਉਹ ਸਮਝ ਜਾਣ।

**ਵਿਦਿਆਰਥੀਆਂ ਦੀ ਸਮੂਲੀਅਤ:** 1. ਹਰਮਨ-ਪਿਆਰੀ ਕਿਸ ਨੂੰ ਕਹਿੰਦੇ ਹਨ।

2. ਸੰਧਿਆ ਦਾ ਕੀ ਅਰਥ ਹੈ?

**ਵਿਦਿਆਰਥੀਆਂ ਦੀ ਪੜਚੋਲ ਤੇ ਸੱਪਸ਼ਟੀਕਰਨ:** ਵਿਦਿਆਰਥੀਆਂ ਨੂੰ ਉਹਨਾਂ ਦੇ ਸਵਾਲਾਂ ਦੇ ਜਵਾਬ ਦੇ ਕਿ ਉਹਨਾਂ ਤੋਂ ਸਵਾਲ ਪੁੱਛੇ ਜਾਣਗੇ ਜਿਵੇਂ- 1) ਲੁਕਣ- ਮੀਚੀ ਖੇਡ ਕਿਵੇਂ ਸ਼ੁਰੂ ਕੀਤੀ ਜਾਂਦੀ ਹੈ?

2) ਦਾਈ ਦੇਣ ਵਾਲਾ ਬੱਚਾ ਕੀ ਕਰਦਾ ਹੈ?

**ਕਲਾਤਮਕ ਕ੍ਰਿਆਵਾਂ:** ਇਸ ਪਾਠ ਨਾਲ ਸੰਬੰਧਤ ਤਸਵੀਰਾਂ ਕਾਪੀ ਵਿੱਚ ਚਿਪਕਾਉਣ ਲਈ ਕਿਹਾ ਜਾਏਗਾ ਅਤੇ ਕੁੱਝ ਵਾਕ ਲਿਖਣ ਲਈ ਕਿਹਾ ਜਾਏਗਾ ਅਤੇ ਛੋਟੀ ਜਹੀ ਗੇਮ ਜਮਾਤ ਵਿੱਚ ਖਿਡਾਈ ਜਾਏਗੀ।

**ਦੁਹਰਾਈ:** ਇਸ ਵਿੱਚ ਪਾਠ ਦਾ ਪਿਛਲਾ ਅਭਿਆਸ ਪੂਰਾ ਕਰਵਾ ਕੇ ਟੈਸਟ ਲਿਆ ਜਾਏਗਾ।

**ਘਰ ਦਾ ਕੰਮ:** ਜਮਾਤ ਵਿੱਚ ਕੀਤਾ ਸਾਰਾ ਕੰਮ ਘਰ ਤੋਂ ਦੁਹਰਾਅ ਕੇ ਲਿਆਉਣ ਲਈ ਕਿਹਾ ਜਾਏਗਾ।

**ਮੁਲਾਕਣ:** ਇਸ ਤਰ੍ਹਾਂ ਵਿਦਿਆਰਥੀਆਂ ਨੂੰ ਸਮਝ ਆ ਜਾਏਗੀ ਕਿ ਖੇਡਾਂ ਜੀਵਨ ਦਾ ਜ਼ਰੂਰੀ ਹਿੱਸਾ ਹਨ।